# 2
# ਪੁੱਤਰ ਪਿਤਾ ਦੀ ਸਮਰੱਥਾ ਦੇ ਰੂਪ ਵਿਚ

ਅਸੀਂ ਕੁਝ ਸਮਾਂ ਮਸੀਹ ਦੇ ਖ਼ੁਦਾ ਦੀ ਬੁੱਧ ਹੋਣ 'ਤੇ ਵਿਚਾਰ ਕਰਨ 'ਚ ਲਾਇਆ ਹੈ। ਮਸੀਹ ਦੀ ਪੂਰਵਹੋਂਦ ਤੋਂ ਸੰਸਾਰ ਦੀ ਰਚਨਾ 'ਚ ਖ਼ੁਦਾ ਦੀ ਝਲਕ ਮਿਲਦੀ ਹੈ। ਭਾਵੇਂ ਪੁਰਾਣੇ ਨੇਮ ਦੇ ਲੋਕਾਂ ਨੇ ਸੰਸਾਰ ਦੀ ਰਚਨਾ 'ਚ ਖ਼ੁਦਾ ਦੀ ਬੁੱਧ ਦੀ ਭੂਮਿਕਾ ਬਾਰੇ ਬਹੁਤ ਕੁਝ ਦੱਸਿਆ ਸੀ, ਪਰ ਉਨ੍ਹਾਂ ਨੇ ਕਦੇ ਵੀ ''ਖ਼ੁਦਾਈ ਦੇ ਦੂਜੇ ਸ਼ਖ਼ਸ'' ਬਾਰੇ ਗੱਲ ਨਹੀਂ ਕੀਤੀ ਸੀ। ਦੂਜੇ ਪਾਸੇ, ਨਵੇਂ ਨੇਮ ਵਿਚ ਅਜਿਹੇ ਵਾਕ ਹਨ ਜਿਨ੍ਹਾਂ ਦਾ ਅਰਥ ਜਾਂ ਭਾਵ ਨਿੱਕਲਦਾ ਹੈ ਜਾਂ ਸਾਫ਼ ਐਲਾਨ ਹੈ ਕਿ *ਮਸੀਹ ਖ਼ੁਦਾ ਦੀ ਬੁੱਧ ਹੈ ਜੋ ਸਮੇਂ ਤੋਂ ਪਹਿਲਾਂ ਸੀ ਅਤੇ ਜਿਹਨੇ ਸੰਸਾਰ ਦੇ ਬਣਾਉਣ ਵਿਚ ਯੋਗਦਾਨ ਪਾਇਆ।*

ਹੁਣ ਅਸੀਂ ਪਰਮੇਸ਼ੁਰ ਪੁੱਤਰ ਬਾਰੇ ਅਧਿਐਨ ਦੇ ਦੂਜੇ ਦੌਰ 'ਚ ਆਉਂਦੇ ਹਾਂ। ਇਹ ਖੋਜ ਮਸੀਹ ਦੇ ਖ਼ੁਦਾ ਦੇ ਵਚਨ ਦੇ ਰੂਪ ਵਿਚ ਦੇਹਧਾਰੀ ਹੋਣ ਤੋਂ ਪਹਿਲਾਂ ਜਾਂ ਬੈਤਲਹਮ ਵਿਚ ਉਹਦੇ ਜਨਮ ਤੋਂ ਪਹਿਲਾਂ ਦੇ ਵਰਗ ਵਿਚ ਆਉਂਦੀ ਹੈ। ਪਿਛਲੇ ਪਾਠ ਵਾਂਗ, ਅਸੀਂ ਨਵੇਂ ਨੇਮ ਵਿਚ ਵੀ ਇਸ ਨਾਲ ਜੁੜੀਆਂ ਆਇਤਾਂ 'ਤੇ ਵਿਚਾਰ ਕਰਾਂਗੇ। ਸੰਸਾਰ ਨੂੰ ਸਿਰਜਣ ਵਿਚ ਖ਼ੁਦਾ ਦੇ ਵਚਨ ਨਾਲ ਜੁੜੀ ਜਾਣਕਾਰੀ ਲੈ ਕੇ ਇਸ ਵਿਸ਼ੇ 'ਤੇ ਸਿੱਖਣ ਲਈ ਅਸੀਂ ਪੁਰਾਣੇ ਨੇਮ ਵਿਚ ਵੇਖਾਂਗੇ।

## ਨਵੇਂ ਨੇਮ ਦੀ ਸਿੱਖਿਆ

ਨਵੇਂ ਨੇਮ ਵਿਚ ਮੱਤੀ ਅਤੇ ਲੂਕਾ ਵੱਲੋਂ ਲਿਖੇ ਇੰਜੀਲ ਦੇ ਸਮਾਨਾਂਤਰ ਵਿਰਤਾਂਤਾਂ[1] 'ਤੇ ਜ਼ੋਰ ਦਿੱਤਾ ਗਿਆ ਹੈ ਕਿ ਯਿਸੂ ਦੇ ਜਨਮ ਨਾਲ ਖ਼ੁਦਾ ਦੇ ਸੰਸਾਰ ਵਿਚ ਖ਼ੁਦ ਆਉਣ ਦਾ ਸੰਦੇਸ਼ ਦਿੱਤਾ ਗਿਆ ਸੀ। ਮੱਤੀ ਨੇ ਯਿਸੂ ਦੀ ਪਛਾਣ ਇਮਾਨੁਏਲ ਦੇ ਰੂਪ 'ਚ ਕਰਵਾਈ ਜਿਸ ਤੋਂ ਭਾਵ ਹੈ, ''ਖ਼ੁਦਾ ਸਾਡੇ ਨਾਲ।'' ਲੂਕਾ ਉਹਨੂੰ ''ਪਰਮੇਸ਼ੁਰ ਦਾ ਪੁੱਤਰ'' ਦੇ ਰੂਪ 'ਚ ਵਿਖਾਉਂਦਾ ਹੈ। ਦੋਹਾਂ ਕਿਤਾਬਾਂ ਵਿਚ ਪਵਿੱਤਰ ਆਤਮਾ ਤੋਂ ਬਾਲਕ ਮਸੀਹ ਦੇ ਕੁਆਰੀ ਮਰੀਅਮ ਦੇ ਗਰਭ ਵਿਚ ਆਉਣ ਦੀ ਗੱਲ ਦੱਸੀ ਗਈ ਹੈ (ਮੱਤੀ 1; ਲੂਕਾ 1)।

### ''ਆਦਿ ਵਿਚ''

ਯੂਹੰਨਾ ਨੇ ਇੰਜੀਲ ਦੇ ਆਪਣੇ ਵਿਰਤਾਂਤ ਦੀ ਸ਼ੁਰੂਆਤ ਫ਼ਰਕ ਢੰਗ ਨਾਲ ਕੀਤੀ ਹੈ। ਭੂਮਿਕਾ (ਯੂਹੰਨਾ 1:1-18) ਵਿਚ ਯਿਸੂ ਦੇ ਜਨਮ ਦਾ ਵੇਰਵਾ ਨਹੀਂ ਹੈ। ਉਹਦੀ ਕਿਤਾਬ ਵਿਚ ਮੱਤੀ ਅਤੇ ਲੂਕਾ ਵਾਂਗ ਯਿਸੂ ਦੀ ਵੰਸ਼ਾਵਲੀ ਨਹੀਂ ਦਿੱਤੀ ਗਈ (ਮੱਤੀ 1; ਲੂਕਾ 3)। ਇਹਦੇ ਉਲਟ ਇਕ ਸ਼ੁਰੂਆਤੀ ਵਾਕ ਹੈ ਜੋ ਦਿਮਾਗ਼ ਨੂੰ ਚਕਰਾ ਦਿੰਦਾ ਹੈ! ਯੂਹੰਨਾ 1:1 ਦੀ ਸ਼ੁਰੂਆਤ ਉਸ ਵਾਕ ਅੰਸ਼ ''ਆਦਿ ਵਿਚ'' ਨਾਲ ਹੁੰਦੀ ਹੈ, ਜਿਸ ਵਿਚ ਸਮੇਂ ਤੋਂ ਉਸ ਪਾਰ ਦੀ ਗੂੰਜ ਮਿਲਦੀ ਹੈ।[2] ਇਕਦਮ ਸਾਡੇ ਧਿਆਨ ਵਿਚ ਉਤਪਤ 1:1 ਆਉਂਦਾ ਹੈ।[3]

''ਆਦਿ ਵਿਚ'' ਵਾਕ ਅੰਸ਼ ਨੂੰ ਬਾਰ-ਬਾਰ ਦੁਹਰਾਈਏ। ਅਜਿਹਾ ਕਰਨ 'ਤੇ ਝੱਟ ਇਕ ਸਵਾਲ ਦਿਮਾਗ ਵਿਚ ਆਉਂਦਾ ਹੈ ਕਿ ''ਕਿਸ ਗੱਲ ਦਾ ਆਦਿ?'' ਬਾਈਬਲ ਵਿਚ ਖ਼ੁਦਾ ਬਾਰੇ ਸਾਡੇ ਕੋਲ ਜੇ ਉਤਪਤ 1:1 ਅਤੇ ਯੂਹੰਨਾ 1:1 ਦੋ ਵਾਕ ਅੰਸ਼ ਹੀ ਹੁੰਦੇ, ਤਾਂ ਅਸੀਂ ਬੜੀ ਅਸਾਨੀ ਨਾਲ ਨਿਚੋੜ ਕੱਢ ਸਕਦੇ ਸਾਂ ਕਿ ਲੇਖਕ ਖ਼ੁਦਾ ਦੇ ਆਦਿ ਭਾਵ ਅਰੰਭ ਦੀ ਗੱਲ ਕਰ ਰਹੇ ਸਨ। ਪਰ ਪਵਿੱਤਰ ਲਿਖਤ ਦੇ ਮੁੱਖ ਵਿਸ਼ਿਆਂ ਵਿੱਚੋਂ ਇਕ ਖ਼ੁਦਾ ਦਾ *ਅਨਾਦੀ ਕਾਲ ਤੋਂ* ਵਜੂਦ ਹੋਣਾ ਹੈ। ਇਸ ਕਰਕੇ ਅਸੀਂ ਇਸ ਗੱਲ 'ਤੇ ਬਾਈਬਲ ਦੀ ਵਿਆਖਿਆ ਦੇ ਬੇਹਤਰੀਨ ਨਿਯਮਾਂ ਵਿੱਚੋਂ ਇਕ ਨੂੰ ਲਾਗੂ ਕਰਦੇ ਹਾਂ: *ਕਦੇ ਵੀ ਕਿਸੇ ਅਸਪੱਸ਼ਟ ਆਇਤ ਦੀ ਵਿਆਖਿਆ ਨਾ ਕਰੋ ਜਿਸ ਨਾਲ ਓਸੇ ਵਿਸ਼ੇ 'ਤੇ ਕਿਸੇ ਹੋਰ ਆਇਤ ਵਿਚ ਬਾਈਬਲ ਦੀ ਸਪੱਸ਼ਟ ਸਿੱਖਿਆ ਦਾ ਵਿਰੋਧ ਹੁੰਦਾ ਹੋਵੇ*। ਇਸ ਤਰ੍ਹਾਂ ਅਸੀਂ ਨਿਚੋੜ ਕੱਢਦੇ ਹਾਂ ਕਿ ਉਤਪਤ 1:1 ਅਤੇ ਯੂਹੰਨਾ 1:1 ਵਿਚ ''ਆਦਿ'' ਖ਼ੁਦਾ ਦਾ ਸਿਰਜਣਾਤਮਕ ਕੰਮ ਹੈ, ਨਾ ਕਿ ਉਹਦੀ ਵੀ ਹੋਂਦ ਦੀ ਸ਼ੁਰੂਆਤ। ਇਸੇ ਕਰਕੇ ਅੰਗ੍ਰੇਜ਼ੀ ਦੇ ਅਨੁਵਾਦਾਂ ਵਿਚ ਇਸ ਸ਼ਬਦ ਤੋਂ ਪਹਿਲਾਂ ਉਪਪਦ ''the'' ਲਾਇਆ ਜਾਂਦਾ ਹੈ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਆਦਿ ਸਮੇਂ ਦੀ ਸ਼ੁਰੂਆਤ ਹੈ ਨਾ ਕਿ ਖ਼ੁਦਾ ਦੀ ਹੋਂਦ ਦੀ।

ਉਤਪਤ 1:1 ਵਿਚ ਕਿਹਾ ਗਿਆ ਹੈ, ''ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਨ ਕੀਤਾ।'' ਇਹ ਵਾਕ ਸੰਸਾਰ ਦੀ ਰਚਨਾ ਬਾਰੇ ਵਿਆਪਕ ਤੌਰ 'ਤੇ ਜਾਣਕਾਰੀ ਦਿੰਦਾ ਨਜ਼ਰ ਆਉਂਦਾ ਹੈ। ਇਹਦੇ ਬਾਅਦ ਸੰਸਾਰ ਦੀ ਰਚਨਾ ਦੇ ਕੰਮ ਨੂੰ ਵਿਸਥਾਰ ਨਾਲ ਦੱਸਿਆ ਗਿਆ ਹੈ। ਪਰ ਸਾਨੂੰ ਚਾਹੀਦਾ ਹੈ ਕਿ ਸੰਸਾਰ ਦੇ ਸਿਰਜੇ ਜਾਣ ਦੀ ਪ੍ਰਕਿਰਿਆ ਵਿਚ ਖ਼ੁਦਾ ਦੇ *ਸਬੰਧ* ਅਤੇ ਉਸ ਸਬੰਧ ਵਿਚ ਪੂਰੀ ਸ੍ਰਿਸ਼ਟੀ ਵਿਚ ਪਾਈਆਂ ਜਾਣ ਵਾਲੀਆਂ ਸਭ ਗੱਲਾਂ 'ਤੇ ਧਿਆਨ ਦੇਈਏ।

ਯੂਹੰਨਾ 1:1-3 ਸੰਸਾਰ ਦੇ ਰਚੇ ਜਾਣ ਵਿਚ ਮਸੀਹ ਦੇ ਕੰਮ ਦਾ ਅਨੋਖਾ ਵਾਕ ਹੈ:

> ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ।

ਸ਼ਬਦ ਪਰਮੇਸ਼ੁਰ *ਸੀ*; ਸ਼ਬਦ ਪਰਮੇਸ਼ੁਰ *ਦੇ ਨਾਲ* ਸੀ। ਸਭ ਕੁਝ *ਓਸੇ ਦੇ ਰਾਹੀਂ* ਰਚਿਆ ਗਿਆ। ਇਸ ਤੋਂ ਪਛਾਣ, ਸਬੰਧ ਅਤੇ ਕੰਮ ਦਾ ਪਤਾ ਲਗਦਾ ਹੈ। ਇਸ ਸੰਖੇਪ ਵਾਕ ਵਿਚ ਇਕ ਵਿਰੋਧਾਭਾਸ ਵੀ ਮਿਲਦਾ ਹੈ ਕਿ ਖ਼ੁਦਾ ਦੀ ਸਾਦਗੀ ਪੇਚੀਦਗੀ ਵਿਚ ਹੈ।

## ਲੋਗੋਸ[4]

ਸੰਸਾਰ ਦੇ ਅਰੰਭ ਵਿਚ *ਲੋਗੋਸ* (ਸ਼ਬਦ) ਸੀ। ਸੰਸਾਰ ਦੇ **ਆਰੰਭ** ਵੇਲੇ ਸ਼ਬਦ ਸੀ, ਇਸ ਕਰਕੇ ਸ਼ਬਦ ਸੰਸਾਰ ਦੇ **ਆਰੰਭ** ਤੋਂ *ਪਹਿਲਾਂ* ਸੀ। ਭਲਾ ਕੋਈ ਮਿਸਤਰੀ ਮਕਾਨ ਦੀ ਥਾਂ 'ਤੇ *ਗਏ ਬਗ਼ੈਰ* ਮਕਾਨ ਬਣਾ ਸਕਦਾ ਹੈ? ਸ਼ਬਦ ਦੀ ਪੂਰਵ ਹੋਂਦ ਦੀ ਗੱਲ ਬਿਲਕੁਲ ਸਾਫ਼ ਹੈ। ਉਹ ਉੱਥੇ ਸੀ। ਸ਼ਬਦ ਪਰਮੇਸ਼ੁਰ *ਦੇ ਨਾਲ* ਸੀ। ਇਸ ਤੋਂ ਸਬੰਧ ਦੀ ਗੱਲ ਪਤਾ ਲਗਦੀ ਹੈ।[5] ਸੰਸਾਰ ਦੇ ਰਚੇ ਜਾਣ ਦੀ ਪ੍ਰਕਿਰਿਆ ਵਿਚ ਪਹਿਲਾਂ ਤੋਂ ਹੋਂਦ ਵਿਚ ਹੋਣ ਵਾਲੇ ਸ਼ਬਦ ਦਾ ਸਬੰਧ ਕਿਸ ਨਾਲ ਸੀ? ਇਬਰਾਨੀਆਂ 1:2 ਕਹਿੰਦਾ ਹੈ, ''... [ਪਰਮੇਸ਼ੁਰ ਨੇ] ਸਾਡੇ ਨਾਲ

ਪੁੱਤਰ ਦੇ ਰਾਹੀਂ ਗੱਲ ਕੀਤੀ ... ਓਸੇ ਦੇ ਵਸੀਲੇ ਉਹਨੇ ਜਹਾਨ ਵੀ ਰਚੇ'' (ਇਬਰਾਨੀਆਂ 2:9 ਵੀ ਵੇਖੋ)। ਫਿਰ ਵੀ ਇਹ ਪਿਤਾ/ਪੁੱਤਰ ਦਾ ਸਬੰਧ ਹੈ ਜੋ ਉਹਦੇ ਦੇਹਧਾਰੀ ਹੋਣ ਤੋਂ ਪਹਿਲਾਂ ਸੀ। ਬਾਅਦ ਵਿਚ ਅਸੀਂ ਇਸ ਪੁੱਤਰ ਨੂੰ ਦੇਹਧਾਰੀ ਹੋਣ ਵੇਲੇ ਛੁਟਕਾਰਾ ਦੁਆਉਣ ਦੇ ਕੰਮ ਵਿਚ ਯਿਸੂ ਦੇ ਤੌਰ ਤੇ ਵੇਖਦੇ ਹਾਂ। ਪਰ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਪਿਤਾ ਅਤੇ ਪੁੱਤਰ ਦੇ ਰੂਪ ਵਿਚ ਖ਼ੁਦਾ ਦੀ ਹੋਂਦ ਅਨਾਦੀ ਕਾਲ ਤੋਂ ਹੈ ਅਤੇ ਉਹ ਦੇਹਧਾਰੀ ਹੋਣ 'ਤੇ ਨਿਰਭਰ ਨਹੀਂ ਹੈ।

ਭਲਾ ਇਬਰਾਨੀਆਂ 1:2 ਵਿਚ ''[ਪਰਮੇਸ਼ੁਰ ਨੇ] ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ'' ਵਾਕ ਤੋਂ ਭਾਵ ਇਹ ਹੈ ਕਿ ਆਪਣੀ ਪੂਰਵਹੋਂਦ ਵਿਚ ਉਹ ਸ਼ਬਦ ਸਚਮੁਚ ਖ਼ੁਦਾ ਸੀ? ਭਲਾ ਪਰਮੇਸ਼ੁਰ ਦਾ ਪੁੱਤਰ ਖ਼ੁਦਾ ਹੋ ਸਕਦਾ ਹੈ? ਇਹਦਾ ਜਵਾਬ ਇਸ ਸੰਦਰਭ 'ਤੇ ਨਿਰਭਰ ਕਰਦਾ ਹੈ ਕਿ ਸੰਦਰਭ ਕੀ ਹੈ। ਉਦਾਹਰਣ ਲਈ ਰੋਮੀਆਂ 9:26 ਵਿਚ ਇਹ ਸਮਝਾਉਣ ਲਈ ਕਿ ਖ਼ੁਦਾ ਦੇ ਲੋਕ ''ਜਿਉਂਦੇ ਪਰਮੇਸ਼ੁਰ ਦੀ ਸੰਤਾਨ'' ਹਨ, ਪੌਲੁਸ ਨੇ ਹੋਸ਼ੇਆ 1:10 ਦੀ ਵਰਤੋਂ ਕੀਤੀ, ਪਰ ਇਨ੍ਹਾਂ ਵਾਕਾਂ ਤੋਂ ਕੋਈ ਵੀ ਇਹ ਨਿਚੋੜ ਨਹੀਂ ਕੱਢੇਗਾ ਕਿ ਖ਼ੁਦਾ ਦੀ ''ਸੰਤਾਨ'' ਇਲਾਹੀ ਜੀਵ ਹਨ।

ਪਰ ਜੇ ਕੋਈ ਸ਼ੱਕ ਹੈ ਕਿ ਸ਼ਬਦ ਦੇਹਧਾਰੀ ਹੋਣ ਤੋਂ ਪਹਿਲਾਂ ਪਰਮੇਸ਼ੁਰ ਦਾ ਪੁੱਤਰ ਭਾਵ ਖ਼ੁਦਾ ਸੀ ਜਾਂ ਨਹੀਂ, ਤਾਂ ਸਾਨੂੰ ਸਿਰਫ਼ ਇਬਰਾਨੀਆਂ 1:8ੳ ਪੜ੍ਹਨ ਦੀ ਲੋੜ ਹੈ: ''ਪਰ ਪੁੱਤਰ ਦੇ ਵਿਖੇ [ਪਰਮੇਸ਼ੁਰ] ਆਖਦਾ ਹੈ ਤੇਰਾ ਸਿੰਘਾਸਣ ਜੁੱਗੋ ਜੁੱਗ ਹੈ।'' ਇਬਰਾਨੀਆਂ ਦੀ ਪੱਤਰੀ ਦੀਆਂ ਹੋਰ ਬਹੁਤ ਸਾਰੀਆਂ ਆਇਤਾਂ ਵਾਂਗ ਇਹ ਆਇਤ ਪੁਰਾਣੇ ਨੇਮ ਤੋਂ ਲਈ ਗਈ ਹੈ। ਇਹ ਆਇਤ ਜ਼ਬੂਰ 45 (ਆਇਤ 6) ਤੋਂ ਲਈ ਗਈ ਹੈ। ਇਹ ਵਿਆਹ ਦਾ ਸ਼ਾਹੀ ਜ਼ਬੂਰ ਹੈ ਜੋ ਇਬਰਾਨੀ ਰਾਜਿਆਂ ਦੇ ਵਿਆਹ ਦੇ ਸਮਾਰੋਹ 'ਚ ਗਾਇਆ ਜਾਂਦਾ ਸੀ। ਇਸ ਜ਼ਬੂਰ ਬਾਰੇ ਤਿੰਨ ਗੱਲਾਂ ਸਾਡੀ ਸੋਚ ਲਈ ਖ਼ਾਸ ਹਨ: (1) ਰਾਜਾ ਸਾਫ਼ ਤੌਰ 'ਤੇ ਦਾਊਦ ਦੇ ਸ਼ਾਹੀ ਖ਼ਾਨਦਾਨ ਦਾ ਹੈ। (2) ਇਸ ਜ਼ਬੂਰ ਵਿਚ ਦਾਊਦ ਜਾਂ ਉਹਦੀ ਕਿਸੇ ਸੰਤਾਨ ਵਿਚ ਸਿਰਫ਼ ਆਂਸ਼ਿਕ ਤੌਰ 'ਤੇ ਪੂਰਾ ਹੋਣਾ ਹੀ ਮਿਲਦਾ ਹੈ। (3) ਨਵੇਂ ਨੇਮ ਦੇ ਇਬਰਾਨੀਆਂ ਦੀ ਪੱਤਰੀ ਦੇ ਲੇਖਕ ਵੱਲੋਂ ਮਸੀਹਾ ਲਈ ਇਹਨੂੰ ਲਾਗੂ ਕਰਨਾ ਅਨੋਖੇ ਢੰਗ ਨਾਲ ਇਹਦੇ ਪੂਰੇ ਪ੍ਰਭਾਵ ਨੂੰ ਵਿਖਾਉਂਦਾ ਹੈ! ਇਬਰਾਨੀਆਂ ਦੀ ਪੱਤਰੀ ਵਿਚ ਜ਼ਬੂਰ 45:6, 7 ਨੂੰ ਦਾਊਦ ਦੀ ਸ਼ਾਹੀ ਸੰਤਾਨ ਭਾਵ ਮਸੀਹਾ ਤੇ ਪੂਰਾ ਹੋਣ ਦੇ ਰੂਪ ਵਿਚ ਲਾਗੂ ਕੀਤਾ ਗਿਆ ਹੈ। ਇਸ ਨੂੰ ਪਰਮੇਸ਼ੁਰ ਪਿਤਾ ਵੱਲੋਂ (ਆਇਤ 5) ਪੁੱਤਰ ਨੂੰ (ਆਇਤ 8) ਪਰਮੇਸ਼ੁਰ ਆਖਦੇ ਨਿੱਜੀ ਸੰਬੋਧਨ ਦੇ ਤੌਰ ਤੇ ਵਿਖਾਇਆ ਗਿਆ ਹੈ![6]

ਇਸ ਕਰਕੇ ਅਸੀਂ ਵੇਖਦੇ ਹਾਂ ਕਿ ਯੂਹੰਨਾ 1:1-3 ਵਿਚ ਦੱਸਿਆ ਗਿਆ ਖ਼ੁਦਾ ਅਤੇ ਉਹਦੇ ਬੋਲੇ ਗਏ ਵਚਨ ਦਾ ਸਬੰਧ ਅਸਲ 'ਚ ਪਿਤਾ/ਪੁੱਤਰ ਸਬੰਧ ਹੈ। ਇਸ ਤੋਂ ਇਹ ਨਿਚੋੜ ਨਿੱਕਲਦਾ ਹੈ ਕਿ ਮਨੁੱਖ ਬਣਨ ਤੋਂ ਪਹਿਲਾਂ ਪੁੱਤਰ ਅਤੇ ਪਿਤਾ ਦੋਵੇਂ ਪਰਮੇਸ਼ੁਰ ਹਨ। ਇਸ ਕਰਕੇ ਸੰਸਾਰ ਦੇ ਰਚੇ ਜਾਣ ਬਾਰੇ ਬਾਈਬਲ ਦੀ ਹਰ ਆਇਤ ਵਿਚ ਖ਼ੁਦਾ ਦਾ ਅਨਾਦੀ ਪਿਤਾ/ਪੁੱਤਰ ਦਾ ਸਬੰਧ ਮਿਲਦਾ ਹੈ। ਯੂਹੰਨਾ ਦੀ ਗੱਲ ਸਹੀ ਹੈ ਕਿ ''ਸ਼ਬਦ [*logos*] ਪਰਮੇਸ਼ੁਰ ਸੀ। ... ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਵੀ ਉਸ ਤੋਂ ਬਿਨਾ ਨਹੀਂ ਰਚੀ ਗਈ।''

ਪੂਰੇ ਨਵੇਂ ਨੇਮ ਵਿਚ ਇਹ ਸਮਝਾਇਆ ਗਿਆ ਹੈ ਕਿ ਖ਼ੁਦਾ ਦੀ ਸ਼ਕਤੀ ਨਾਲ ਸਭ ਵਸਤਾਂ ਰਚੀਆਂ ਗਈਆਂ ਸਨ। ਪਰ *ਇਹ ਪੂਰਾ ਅਹਿਸਾਸ ਕਿ ਇਹ ਸ਼ਕਤੀ* ਲੋਗੋਸ *ਭਾਵ ਪੂਰਵਹੋਂਦ ਵਾਲੇ ਪੁੱਤਰ ਭਾਵ ਪਰਮੇਸ਼ੁਰ ਪੁੱਤਰ ਦੇ ਰਾਹੀਂ ਵਿਖਾਈ ਗਈ ਸੀ, ਜੋ ਬਾਅਦ ਵਿਚ ਦੇਹਧਾਰੀ*

*ਹੋਇਆ,* ਸਿਰਫ਼ ਯੂਹੰਨਾ ਦੇ ਲੇਖਾਂ ਵਿਚ ਹੀ ਮਿਲਦਾ ਹੈ, ਜਿਸ ਨਾਲ ਨਵਾਂ ਨੇਮ ਮੁਕੰਮਲ ਹੋਇਆ ਸੀ। ਇਹਦੀ ਝਲਕ ਇਸ ਤਰ੍ਹਾਂ ਮਿਲਦੀ ਹੈ:

ਮਰਕੁਸ ਦੀ ਇੰਜੀਲ ਵਿਚ ਅਸੀਂ ਯਿਸੂ ਨੂੰ ਇਹ ਕਹਿੰਦਿਆਂ ਸੁਣਦੇ ਹਾਂ ਕਿ ਇਹ ਸੰਸਾਰ *ਖ਼ੁਦਾ ਦਾ* ਕੰਮ ਹੈ (ਮਰਕੁਸ 10:6; ਲੂਕਾ 13:19)। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਚੇਲੇ ਖ਼ੁਦਾ ਨੂੰ ਸਭ ਚੀਜ਼ਾਂ ਦੇ ਸਿਰਜਣਹਾਰ ਦੇ ਤੌਰ 'ਤੇ ਕਬੂਲਦੇ ਸਨ (ਰਸੂਲਾਂ ਦੇ ਕੰਮ 4:24)। 1 ਕੁਰਿੰਥੀਆਂ ਲਿਖਦਿਆਂ ਪੌਲੁਸ ਨੇ ਪਰਮੇਸ਼ੁਰ ਪਿਤਾ ਦੀ ''ਜਿਸ ਤੋਂ ਸੱਭੋ ਕੁਝ ਹੋਇਆ'' ਅਤੇ ''ਯਿਸੂ ਮਸੀਹ'' ਦੀ ਗੱਲ ਕੀਤੀ ''ਜਿਹਦੇ ਰਾਹੀਂ ਸੱਭੋਂ ਕੁਝ ਹੋਇਆ'' (1 ਕੁਰਿੰਥੀਆਂ 8:6)। ਇੱਥੇ ਪੌਲੁਸ ਸੰਸਾਰ ਦੇ ਰਚੇ ਜਾਣ ਦੇ ਕਾਰਜ ਵਿਚ ਪਿਤਾ ਅਤੇ ਪੁੱਤਰ ਦਾ ਸਬੰਧ ਜੋੜ ਰਿਹਾ ਸੀ। ਉਹਨੇ ਪੁੱਤਰ ਨੂੰ *ਲੋਗੋਸ* (ਸ਼ਬਦ) ਨਾਲ ਨਹੀਂ ਜੋੜਿਆ। ਰੋਮੀਆਂ ਦੀ ਪੱਤਰੀ ਵਿਚ ਪੌਲੁਸ ਨੇ ਤਾਰੀਫ਼ ਕਰਦਿਆਂ ਕਿਹਾ ਕਿ ਖ਼ੁਦਾ ਅਤੇ ਸਿਰਫ਼ ਖ਼ੁਦਾ ਤੋਂ ਹੀ ਸਭ ਚੀਜ਼ਾਂ ਹਨ (ਰੋਮੀਆਂ 11:36ੳ)। ਬਾਅਦ ਵਿਚ ਅਫ਼ਸੀਆਂ ਦੀ ਪੱਤਰੀ ਵਿਚ ''ਸਭ ਦੇ ਸਿਰਜਣਹਾਰ ਪਰਮੇਸ਼ੁਰ'' (ਅਫ਼ਸੀਆਂ 3:9ਅ) ਦੀ ਗੱਲ ਮਿਲਦੀ ਹੈ। ਕੁਲੁੱਸੀਆਂ ਦੀ ਪੱਤਰੀ ਵਿਚ ਪੁੱਤਰ ਨੂੰ ਪਰਮੇਸ਼ੁਰ ਦੇ ਸਰੂਪ 'ਤੇ ਦੱਸਿਆ ਗਿਆ ਹੈ। ਉਹ ਪਲੌਠਾ ਹੈ ਭਾਵ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਸੀ, ਉਹਨੂੰ ਇਸ 'ਤੇ ਅਖ਼ਤਿਆਰ ਹੈ ਅਤੇ ਉਹ ਇਸ ਨੂੰ ਕਾਇਮ ਰੱਖਦਾ ਹੈ। ਕੁਲੁੱਸੀਆਂ 1:15-17ੳ ਆਖਦਾ ਹੈ:

> ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ। ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਨ ਹੋਈਆਂ, ਨਾਲੇ ਦਿਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਅਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪਨ ਹੋਇਆ ਹੈ। ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਓਸੇ ਵਿਚ ਕਾਇਮ ਰਹਿੰਦਾ ਹੈ।

ਇਹ ਆਇਤਾਂ ਸੰਸਾਰ ਦੀ ਰਚਨਾ ਵਿਚ ਖ਼ੁਦਾ ਦੇ ਪੁੱਤਰ ਦੀ ਸ਼ਖ਼ਸੀਅਤ, ਰੁਤਬੇ ਅਤੇ ਭੂਮਿਕਾ ਨੂੰ ਸਾਫ ਵਿਖਾਉਣ ਲਈ ਬਹੁਤ ਉੱਪਰ ਚਲੀਆਂ ਜਾਂਦੀਆਂ ਹਨ। ਇੱਥੇ ਸਾਨੂੰ ਖ਼ੁਦਾ ਦੀ ਵਿਖਾਈ ਗਈ ਸਮਰੱਥਾ ਦੀ ਇਕ ਜ਼ਿੰਦਾ ਤਸਵੀਰ ਮਿਲਦੀ ਹੈ ਅਤੇ ਗਹਿਰਾਈ ਵਾਲੀਆਂ ਆਇਤਾਂ ਵਿਚ ਸਾਨੂੰ ਪਤਾ ਲਗਦਾ ਹੈ ਕਿ ਸੰਸਾਰ ਦਾ ਰਚਿਆ ਜਾਣਾ ਖ਼ੁਦਾ ਦੇ ਹੁਕਮ ਨਾਲ ਉਹਦੇ ਪੁੱਤਰ ਰਾਹੀਂ ਹੋਇਆ, ਜਿਹਦਾ ਸਮਰੱਥਾ ਭਰਿਆ ਵਚਨ ਸਭ ਚੀਜ਼ਾਂ ਨੂੰ ਕਾਇਮ ਰਖਦਾ ਹੈ:

> ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆ ਵਿਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ। ਇਨ੍ਹਾਂ ਦਿਨਾਂ ਦੇ ਅੰਤ ਵਿਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ ਜਿਹਨੂੰ ਉਹਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ, ਉਹ ਉਸ ਦੇ ਤੇਜ ਦਾ *ਪ੍ਰਤੀਬਿੰਬ* ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਵਚਨ ਨਾਲ ਸਭਨਾਂ ਵਸਤਾਂ ਨੂੰ ਸੰਭਾਲ ਕੇ ਅਰ ਪਾਪਾਂ ਨੂੰ ਮਾਫ਼ ਕਰਕੇ ਉੱਚੇ ਥਾਂ ਤੇ ਸਰਬਸ਼ਕਤੀਮਾਨ ਦੇ ਸੱਜੇ ਪਾਸੇ ਵਿਰਾਜਮਾਨ ਹੋਇਆ (ਇਬਰਾਨੀਆਂ 1:1-3)।

ਨਿਹਚਾ ਨਾਲ ਅਸੀਂ ਜਾਣਦੇ ਹਾਂ ਕਿ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ

> ਗਿਆ ਅਤੇ ਜੋ ਕੁਝ ਵੇਖਣ ਵਿਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ (ਇਬਰਾਨੀਆਂ 11:3)।
>
> ਉਹ ਜਾਣ ਬੁੱਝ ਕੇ ਇਹਨੂੰ ਭੁਲਾ ਛੱਡਦੇ ਹਨ ਕਿ ਪਰਮੇਸ਼ੁਰ ਦੇ ਵਚਨ ਨਾਲ ਅਕਾਸ਼ ਪ੍ਰਾਚੀਨਕਾਲ ਤੋਂ ਹਨ ਅਤੇ ਧਰਤੀ ਪਾਣੀ ਵਿੱਚੋਂ ਅਤੇ ਪਾਣੀ ਦੇ ਵਿਚ ਕਾਇਮ ਹੈ (2 ਪਤਰਸ 3:5)।

ਇਨ੍ਹਾਂ ਆਇਤਾਂ ਵਿਚ ਯੂਹੰਨਾ ਦੀ ਇੰਜੀਲ ਵਿਚ ਮਿਲਣ ਵਾਲੀ ਲੋਗੋਸ ਦੀ ਧਾਰਣਾ ਨੂੰ ਪੜ੍ਹਨਾ ਚੰਗਾ ਲਗਦਾ ਹੈ। ਆਖ਼ਰ ਆਮ ਤੌਰ 'ਤੇ ਨਵਾਂ ਨੇਮ ਪੜ੍ਹਨ ਲਈ ਅਸੀਂ ਸਭ ਤੋਂ *ਪਹਿਲਾਂ* ਯੂਹੰਨਾ ਦੀ ਇੰਜੀਲ ਹੀ ਤਾਂ ਪੜ੍ਹਦੇ ਹਾਂ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਾਲ ਦੀ ਤਰਤੀਬ ਮੁਤਾਬਕ *ਯੂਹੰਨਾ ਦੀਆਂ ਕਿਤਾਬਾਂ ਨਵੇਂ ਨੇਮ ਦੀਆਂ ਆਖ਼ਰੀ ਕਿਤਾਬਾਂ ਹਨ।*

ਇਹਦਾ ਮਤਲਬ ਇਹ ਹੋਇਆ ਕਿ ਨਵੇਂ ਨੇਮ ਦੇ ਅਖ਼ੀਰ ਦੇ ਨੇੜੇ ਤਕ ਯੂਹੰਨਾ ਨੇ ਇਹ ਭੈਭੀਤ ਕਰਨ ਵਾਲਾ ਐਲਾਨ ਨਹੀਂ ਕੀਤਾ ਸੀ ਕਿ ਖ਼ੁਦਾ ਦਾ ਸੰਸਾਰ ਦੀ ਰਚਨਾ ਦਾ ਕੰਮ ਸਭ ਦੇ ਸਾਹਮਣੇ ਜ਼ਾਹਿਰ ਕਰ ਦਿੱਤਾ ਗਿਆ ਹੈ। *ਲੋਗੋਸ* ਸ਼ਬਦ ਪੂਰਵਹੋਂਦ ਵਾਲੇ ਪੁੱਤਰ ਭਾਵ ਪਰਮੇਸ਼ੁਰ ਪੁੱਤਰ ਨੂੰ ਜੋ ਬਾਅਦ ਵਿਚ ਦੇਹਧਾਰੀ ਹੋਇਆ, ਪਰਮੇਸ਼ੁਰ ਪਿਤਾ ਦੀ ਸਮਰੱਥਾ ਭਰੀ ਸ਼ਕਤੀ ਦੇ ਤੌਰ ਤੇ ਵਿਖਾਇਆ ਗਿਆ ਸੀ। *ਇਹ ਲੋਗੋਸ/ਸ਼ਬਦ ਉਸ ਸੰਸਾਰ ਨੂੰ ਹੋਂਦ ਵਿਚ ਲਿਆਇਆ ਜੋ ਪਹਿਲਾਂ ਵਜੂਦ ਨਹੀਂ ਸੀ; ਇਹ ਸਾਡੀ ਸਮਝ ਅਤੇ ਗਿਆਨ ਤੋਂ ਪਰ੍ਹਾਂ ਖ਼ੁਦਾ ਦੀ ਬੁੱਧ ਅਤੇ ਸ਼ਕਤੀ ਦਾ ਭਰਪੂਰ ਮੁਜ਼ਾਹਿਰਾ ਸੀ।*

## ਪੁਰਾਣੇ ਨੇਮ ਦੀ ਸਿੱਖਿਆ

ਪੁਰਾਣੇ ਨੇਮ ਨੂੰ ਵੇਖ ਕੇ ਲਗਦਾ ਹੈ ਕਿ ਅਸੀਂ ਬੜੇ ਹੀ ਖੁਸ਼ਕਿਸਮਤ ਲੋਕ ਹਾਂ। ਸਾਡੇ ਲਈ ਪਰਦਾ ਹਟਾ ਦਿੱਤਾ ਗਿਆ ਹੈ। ਹੁਣ ਅਸੀਂ ਪੁਰਾਣੇ ਨੇਮ ਦੀਆਂ ਬਹੁਤ ਸਾਰੀਆਂ ਸੱਚਾਈਆਂ ਨੂੰ ਸਮਝ ਸਕਦੇ ਹਾਂ, ਜੋ ਉਨ੍ਹਾਂ ਪਹਿਲੇ ਪਾਠਕਾਂ ਲਈ ਸਪੱਸ਼ਟ ਨਹੀਂ ਸਨ ਜਾਂ ਧੁੰਦਲੀਆਂ ਵਿਖਾਈ ਦਿੰਦੀਆਂ ਸਨ।[7] ਇਹ ਸਭ ਨਵੇਂ ਨੇਮ ਦੇ ਵਾਧੂ ਮੁਕਾਸ਼ਫ਼ੇ ਦੇ ਦਿੱਤੇ ਜਾਣ ਨਾਲ ਸੰਭਵ ਹੋ ਸਕਿਆ ਸੀ। ਇਸ ਵਿਚ ਸਾਨੂੰ ਪੁਰਾਣੇ ਨੇਮ ਦੀਆਂ ਬਹੁਤ ਸਾਰੀਆਂ ਨਬੂਵਤਾਂ ਦੀਆਂ ਆਇਤਾਂ ਦੀ ਵਿਆਖਿਆ ਇਸ ਤਰ੍ਹਾਂ ਮਿਲਦੀ ਹੈ ਕਿ ਪੁਰਾਣੇ ਸਮੇਂ ਦੇ ਇਬਰਾਨੀ ਲੋਕ ਉਨ੍ਹਾਂ ਨੂੰ ਨਹੀਂ ਸਮਝਦੇ ਸਨ।

ਜਦ ਖ਼ੁਦਾ ਦੀ ਸਿਰਜਣਾਤਮਕ ਸ਼ਕਤੀ ਦੀ ਗੱਲ ਹੁੰਦੀ ਹੈ ਤਾਂ ਪੁਰਾਣਾ ਨੇਮ ਇਕ ਹੋ ਕੇ ਹੋਰ ਵੱਡੀ ਗਹਿਰਾਈ ਨਾਲ ਗੱਲ ਕਰਦਾ ਹੈ। ਜ਼ਬੂਰਾਂ ਦੀ ਪੋਥੀ ਵਿਚ ਖ਼ੁਦਾ ਦੀ ਵਡਿਆਈ ਉਹਦੇ ਸਿਰਜਣਾਤਮਕ ਕੰਮਾਂ ਲਈ ਇਕ ਸਨਾਤਨ ਜੀਵ ਦੇ ਤੌਰ ਤੇ ਕੀਤੀ ਗਈ ਹੈ (ਜ਼ਬੂਰ 90:2; 102:25-27)। ਨਬੂਵਤ ਦੇ ਸਾਹਿਤ ਵਿਚ ਖ਼ੁਦਾ ਨੂੰ ਸਰਵੋਤਮ ਰਚਣਹਾਰੇ ਦੇ ਰੂਪ ਵਿਚ ਵਿਖਾਇਆ ਗਿਆ ਹੈ ਜੋ ਇਕੱਲਾ ਹੀ ਇਸ 'ਤੇ ਹਕੂਮਤ ਕਰਦਾ ਹੈ ਅਤੇ ਪੂਰੀ ਮਨੁੱਖ ਜਾਤੀ ਸਣੇ ਆਪਣੀ ਸ੍ਰਿਸ਼ਟੀ ਵਿਚ ਕੰਮ ਕਰਦਾ ਹੈ (ਯਸਾਯਾਹ 40:21-26; 44:24; 45:12; ਯਿਰਮਿਯਾਹ 10:16)।

ਸਿਰਜਣਹਾਰੇ ਦੀ ਪੁਰਾਣੇ ਨੇਮ ਦੀ ਯਾਹਵੇਹ ਦੀ ਧਾਰਣਾ ਵਡਿਆਈ ਨਾਲ ਭਰੀ ਹੋਈ ਹੈ। ਖ਼ੁਦਾ ਸਰਬਵਿਆਪੀ ਅਤੇ ਆਪਣੀ ਸ੍ਰਿਸ਼ਟੀ ਲਈ ਖ਼ਾਸ ਕਰ ਮਨੁੱਖੀ ਸ੍ਰਿਸ਼ਟੀ ਲਈ ਦਿਲਚਸਪੀ

ਰੱਖਣ ਦੇ ਨਾਲ-ਨਾਲ ਸਰਬ-ਸ਼ਕਤੀਮਾਨ, ਸਰਬ-ਸ੍ਰੇਸ਼ਠ ਅਤੇ ਸਭ ਤੋਂ ਉੱਪਰ ਹੈ। ਭਲਾ ਉਤਪਤ 1:2 ਵਿਚ ਸੰਸਾਰ ਦੀ ਰਚਨਾ ਦੇ ਵਿਰਤਾਂਤ ਨੂੰ ਪੜ੍ਹਨ 'ਤੇ ਖ਼ੁਦਾ ਦੇ ਸਿਰਜਣਾਤਮਕ ਕਾਰਜ ਦਿਆਂ ਇਨ੍ਹਾਂ ਇਜ਼ਹਾਰਾਂ ਨੂੰ ਉੱਚਾ ਕਰਨਾ ਨਿਆਂਸੰਗਤ ਹੈ? ਬੇਸ਼ੱਕ।

ਉਤਪਤ ਦੀ ਕਿਤਾਬ ਦੀ ਸ਼ੁਰੂਆਤ ਇਨ੍ਹਾਂ ਸ਼ਬਦਾਂ ਨਾਲ ਹੁੰਦੀ ਹੈ ਕਿ ਖ਼ੁਦਾ ਨੇ ਅਕਾਸ਼ ਅਤੇ ਧਰਤੀ ਨੂੰ ਰਚਿਆ ਸੀ। ਸਾਫ਼ ਹੈ ਕਿ ਇਹ ਵਾਕ ਇਕ ਛਾਤੇ ਵਾਂਗ ਹੈ ਜੋ ਸਭ ਕੁਝ ਢੱਕ ਲੈਂਦਾ ਹੈ। ਜਦ ਖ਼ੁਦਾ ਦਾ ਆਤਮਾ ਪਾਣੀ ਤੇ ਖਾਲੀਪਣ ਅਤੇ ਹਨ੍ਹੇਰੇ ਵਿਚ ਮੰਡਰਾਉਂਦਾ ਸੀ ਤਾਂ ਖ਼ੁਦਾ ਦੇ ਪਹਿਲੇ ਕਾਰਜ ਦੇ ਤੌਰ ਤੇ ਰੌਸ਼ਨੀ ਅਤੇ ਤਰਤੀਬ ਬਣਾਏ ਗਏ। ਸ੍ਰਿਸ਼ਟੀ ਦੇ ਰਚੇ ਜਾਣ ਦਾ ਵਿਰਤਾਂਤ ਉਦੋਂ ਤਕ ਜਾਰੀ ਰਹਿੰਦਾ ਹੈ ਜਦ ਤਕ ਸਾਡੇ 'ਤੇ ਪਰਮੇਸ਼ੁਰ ਦੇ ਕਹਿਣ ਨਾਲ ਇਹ ਸਾਫ਼ ਨਹੀਂ ਹੋ ਜਾਂਦਾ ਕਿ ''ਅਸੀਂ ਆਦਮੀ ਨੂੰ ਆਪਣੇ ਸਰੂਪ 'ਤੇ ਅਤੇ ਆਪਣੇ ਵਰਗਾ ਬਣਾਈਏ ...'' (ਉਤਪਤ 1:26, 27)। ਇਸ ਵਿਰਤਾਂਤ ਦਾ ਸਾਰ ਅਤੇ ਵਿਸਥਾਰ ਉਤਪਤ 2:4-25 ਵਿਚ ਮਿਲਦਾ ਹੈ। ਜਦ ਕਿ ਖ਼ੁਦਾ ਦੀ ਮਨੁੱਖੀ ਸ੍ਰਿਸ਼ਟੀ ਦੇ ਰਚਣ ਦਾ ਵਿਸਥਾਰ ਉਤਪਤ 2:7, 21, 22 ਵਿਚ ਮਿਲਦਾ ਹੈ।

ਸਾਨੂੰ ਇਹ ਨਹੀਂ ਮੰਨਦਾ ਚਾਹੀਦਾ ਕਿ ਜਿਵੇਂ ਸਾਨੂੰ ਗਿਆਨ ਹੈ ਉਵੇਂ ਉਤਪਤ ਦੀ ਕਿਤਾਬ ਲਿਖਣ ਵੇਲੇ ਮੂਸਾ ਨੂੰ ਵੀ ਸੰਸਾਰ ਦੇ ਰਚੇ ਜਾਣ ਦੀ ਸਾਰੀ ਪ੍ਰਕ੍ਰਿਆ ਦਾ ਪਤਾ ਹੋਵੇਗਾ। ਮੂਸਾ ਨੇ ਸਿਰਫ਼ ਉਹੀ ਲਿਖਿਆ ਜੋ ਉਸ 'ਤੇ ਪਰਗਟ ਕੀਤਾ ਗਿਆ ਸੀ। ਭਲਾ ਉਸ 'ਤੇ ਇਹ ਪਰਗਟ ਕੀਤਾ ਗਿਆ ਸੀ ਕਿ ਉਸ 'ਤੇ ਸੰਸਾਰ ਦੇ ਰਚਣ ਵਿਚ ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ ਅਤੇ ਪਰਮੇਸ਼ੁਰ ਪਵਿੱਤਰ ਆਤਮਾ ਸ਼ਾਮਿਲ ਸਨ? ਉਤਪਤ 1:1, 2 ਵਿਚ ਖ਼ੁਦਾ (*ਏਲੋਹੀਮ*) ਅਤੇ ਖ਼ੁਦਾ ਦੇ ਆਤਮਾ (*ਰੂਆਹ ਏਲੋਹੀਮ*) ਦਾ ਖ਼ਾਸ ਜ਼ਿਕਰ ਕੀਤਾ ਗਿਆ ਹੈ। ਦੂਜੇ ਵਿਰਤਾਂਤਾਂ ਤੋਂ ਪਤਾ ਲਗਦਾ ਹੈ ਕਿ ਸੰਸਾਰ ਦੇ ਰਚਣ ਵਿਚ ਖ਼ੁਦਾ ਦੇ ਆਤਮਾ ਦਾ ਯੋਗਦਾਨ ਸੀ (ਅੱਯੂਬ 33:4; ਜ਼ਬੂਰ 104:30)। ਆਓ ਖ਼ੁਦਾਈ ਦੀ ਮੂਸਾ ਦੀ ਧਾਰਣਾ ਨੂੰ ਹੋਰ ਗਹਿਰਾਈ ਨਾਲ ਸਮਝਣ ਲਈ ਤਿੰਨ ਸਵਾਲਾਂ 'ਤੇ ਗ਼ੌਰ ਕਰਦੇ ਹਾਂ।

ਪਹਿਲਾ ਸਵਾਲ ਇਹ ਹੈ ਕਿ ''ਭਲਾ ਖ਼ੁਦਾ ਲਈ ਬਹੁਵਚਨ ਨਾਉਂ *ਏਲੋਹੀਮ* ਦੀ ਵਰਤੋਂ ਵਿਚ ਮੂਸਾ ਨੇ ਬਹੁਦੇਵਵਾਦ ਨੂੰ ਵੇਖਿਆ?'' ਜਵਾਬ ਹੈ ਕਿ ''ਨਹੀਂ।'' ਮੂਸਾ ਨੇ ਹੀ ਸ਼ੇਮਾ ਵਿਚ ਸਭ ਇਸਰਾਏਲੀਆਂ ਲਈ ਵਿਸ਼ਵਾਸ ਦੀ ਬੁਨਿਆਦ ਦਾ ਇਜ਼ਹਾਰ ਕੀਤਾ ਸੀ: ''ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ'' (ਵਿਵਸਥਾਸਾਰ 6:4)। ਇਸ ਤਸਦੀਕ ਨਾਲ ਤਸਵੀਰ ਬਿਲਕੁਲ ਸਾਫ਼ ਹੈ ਕਿ ਭਾਵੇਂ ਮੂਸਾ ਨੇ ਖ਼ੁਦਾ ਨੇ ਨਾਂ ਲਈ ਬਹੁਵਚਨ ਰੂਪ ਦੀ ਵਰਤੋਂ ਕੀਤੀ, ਪਰ ਉਹ ਲਿਖ ਰਿਹਾ ਸੀ ਕਿ ਖ਼ੁਦਾ ਅਸਲ 'ਚ *ਇੱਕੋ* ਹੈ। ਫਿਰ ਉਤਪਤ ਦੀ ਕਿਤਾਬ ਵਿਚ ਇਕ ਵਚਨ ਕ੍ਰਿਆ *ਬੱਰਾ* ਦੀ ਵਰਤੋਂ ਕੀਤੀ ਗਈ ਜਿਸ ਤੋਂ ਭਾਵ ਖ਼ੁਦਾ ਦੇ ਸਿਰਜਣਾਤਮਕ ਕੰਮ ਦਾ ਬਿਆਨ ਕਰਨ ਲਈ ''ਉਹਨੇ ਬਣਾਇਆ'' ਹੈ। ਇਹ ਵਿਚਾਰ ਨਿਰਾਲੇਪਣ ਨੂੰ ਵਿਖਾਉਂਦਾ ਹੈ।

ਦੂਜਾ ਸਵਾਲ ਹੈ ਕਿ ''ਭਲਾ ਮੂਸਾ ਨੇ 'ਅਸੀਂ ਆਦਮੀ ਨੂੰ ਆਪਣੇ ਸਰੂਪ 'ਤੇ ਅਤੇ ਆਪਣੇ ਵਰਗਾ ਬਣਾਈਏ' ਵਾਕ ਵਿਚ ਬਹੁਵਚਨ ਪੜਨਾਵਾਂ ਦੀ ਵਰਤੋਂ ਕੀਤੀ?'' ਅਸੀਂ ਵੇਖ ਚੁਕੇ ਹਾਂ ਕਿ ਮੂਸਾ ਇੱਕੋ ਖ਼ੁਦਾ ਵਿਚ ਯਕੀਨ ਰੱਖਦਾ ਸੀ, ਪਰ ਸਵਾਲ ਉਹਦੇ ਇਨ੍ਹਾਂ ਬਹੁਵਚਨ ਪੜਨਾਵਾਂ ਦੀ ਵਰਤੋਂ ਬਾਰੇ ਹੈ। ਯਕੀਨਨ ਹੀ ਇੱਥੇ ਅਸੀਂ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਲਿਖਤ ਦੀ ਸੋਚ ਕੀ ਹੈ, ਨਾ ਕਿ ਇਹ ਕਿ ਇਹ ਕੀ ਕਹਿੰਦੀ ਹੈ। ਹੋ ਸਕਦਾ ਹੈ ਕਿ ਮੂਸਾ

ਮੁਕਾਸ਼ਫ਼ੇ ਅਤੇ ਭਾਸ਼ਾ ਦੇ ਦਾਇਰੇ ਵਿਚ ਰਹਿ ਕੇ ਖ਼ੁਦਾ ਦੇ ਸੁਭਾਅ ਦੀ ਸ੍ਰੇਸ਼ਠਤਾ ਦੀ ਗੱਲ ਕਰ ਰਿਹਾ ਹੋਵੇ।

ਤੀਜਾ ਸਵਾਲ ਹੈ ਕਿ ''ਭਲਾ ਮੂਸਾ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਹੋਰ ਲੇਖਕਾਂ ਵਾਂਗ ਜਿਨ੍ਹਾਂ ਦਾ ਜ਼ਿਕਰ ਅਸੀਂ ਕੀਤਾ ਹੈ, ਅਸਲ ਵਿਚ ਉਸ ਨਾਲੋਂ ਵੱਧ ਕਿਹਾ ਜਿੰਨਾ ਉਹਨੇ ਮਹਿਸੂਸ ਕੀਤਾ?'' ਜਵਾਬ ਹੈ, ''ਹਾਂ!'' ਭਾਵੇਂ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਖ਼ੁਦਾਈ ਵਿਚ ਤਿੰਨ ਸ਼ਖ਼ਸਾਂ ਦੀ ਧਾਰਣਾ ਮੂਸਾ ਦੀ ਹੋਵੇ, ਇਹ ਤਾਂ ਅਗਲੇ ਮੁਕਾਸ਼ਫ਼ੇ ਨਾਲ ਮੇਲ ਖਾਂਦਾ ਹੈ ਕਿ ਸੰਖੇਪ ਵਿਚ ਖ਼ੁਦਾ ਨੂੰ ਇੱਕੋ ਅਤੇ ਵਿਅਕਤੀਆਂ ਵਿਚ ਤਿੰਨ ਦੇ ਰੂਪ ਵਿਚ ਵੇਖਿਆ ਜਾਵੇ। ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਖ਼ੁਦਾ ਦੀ ਸੰਪੂਰਣਤਾ ਦਾ ਮੁਕਾਸ਼ਫ਼ਾ ਉਤਪਤ 1:26 ਦੇ ਬਹੁਵਚਨ ਪੜਨਾਵਾਂ ਵਿਚ ਵੇਖਿਆ ਜਾਂਦਾ ਹੈ। ਅਸਲ ਵਿਚ ਇਹਦੇ ਉਲਟ ਨਹੀਂ ਹੋ ਸਕਦਾ।[8]

ਸਾਰ ਇਹ ਹੈ ਕਿ ਖ਼ੁਦਾ ਦੀ ਭਰਪੂਰੀ ਸੰਸਾਰ ਦੇ ਸਿਰਜਣ ਵਿਚ ਲੱਗੀ ਹੋਈ ਸੀ। ਭਾਵ ਇਸ ਵਿਚ ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ (ਜੋ ਦੇਹਧਾਰੀ ਹੋਣ ਤੋਂ ਪਹਿਲਾਂ *ਲੋਗੋਸ* ਭਾਵ ਸ਼ਬਦ *ਸੀ*) ਅਤੇ ਖ਼ੁਦਾ ਪਵਿੱਤਰ ਆਤਮਾ ਲੱਗੇ ਹੋਏ ਸਨ।

---

ਟਿੱਪਣੀਆਂ

[1]ਮੱਤੀ, ਮਰਕੁਸ ਅਤੇ ਲੂਕਾ ਨੂੰ ਸਿਨਾਪਟਿਕ ਗੌਸਪਲ ਭਾਵ ਇੰਜੀਲ ਦੀਆਂ ਸਮਾਨਾਂਤਰ ਕਿਤਾਬਾਂ ਦੇ ਤੌਰ ਤੇ ਜਾਣਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਵਿਚ ਯਿਸੂ ਮਸੀਹ ਦੀ ਜ਼ਿੰਦਗੀ ਅਤੇ ਸੇਵਕਾਈ ਦੀਆਂ ਇੱਕੋ ਜਿਹੀਆਂ ਗੱਲਾਂ ਹਨ। [2]*En arche* = "In [the] beginning" ਭਾਵ ''ਆਦਿ ਵਿਚ'' ਹੈ। [3]*Bre'shith* = ''ਆਦਿ ਵਿਚ'' ਹੈ। [4]''ਸ਼ਬਦ'' ਲਈ ਯੂਨਾਨੀ ਸ਼ਬਦ *''ਲੋਗੋਸ''* ਹੈ। [5]ਕਰਮ ਕਾਰਕ ਨਾਲ ਵਰਤਣ 'ਤੇ *pros* ਦਾ ਅਹਿਮ ਕੰਮ ''ਤੋਂ ਨਿੱਕਲਦਾ'' ਜਾਂ ''ਸਬੰਧ'' ਮਿਲਦਾ ਹੈ। ਇਸ ਭਾਗ ਵਿਚ *pros ton theon* ਹੈ ਜਿਹਦਾ ਅਰਥ ਹੈ ''ਖ਼ੁਦਾ ਦੇ ਨਾਲ।'' [6]''ਪੁਰਾਣੇ ਜ਼ਮਾਨੇ ਵਿਚ ਦਾਊਦ ਜਾਂ ਉਹਦੇ ਕਿਸੇ ਵਾਰਸ ਲਈ ਇਹ ਇਸ ਤੋਂ ਕਿਤੇ ਵੱਧ ਸੰਭਵ ਸੀ, ਇਸ ਮਸੀਹਾ ਨੂੰ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਹੀ ਨਹੀਂ (ਆਇਤ 5) ਸਗੋਂ ਅਸਲ ਵਿਚ ਖ਼ੁਦਾ ਦੇ ਰੂਪ ਵਿਚ ਵੀ ਸੰਬੋਧਤ ਕੀਤਾ ਜਾ ਸਕਦਾ ਹੈ, ...'' (ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਹਿਬਰੂਜ਼* [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਨਜ਼ ਪਬਲਿਸ਼ਿੰਗ ਕੰ., 1964], 20)। [7]ਇਸ ਕਿਤਾਬ ਵਿਚ ''ਭਲਾ ਹੋਰਨਾਂ ਨੇ ਯਿਸੂ ਨੂੰ ਖ਼ੁਦਾ ਦੇ ਰੂਪ ਵਿਚ ਵੇਖਿਆ?'' ਵਾਲਾ ਵਾਧੂ ਲੇਖ ਵੇਖੋ। [8]ਇੱਥੇ ਸਾਨੂੰ *na'aseh* ਮਿਲਦਾ ਹੈ ਜਿਸ ਤੋਂ ਭਾਵ ''ਆਓ ਬਣਾਈਏ'' ਹੈ। ਇਬਰਾਨੀ ਵਿਚ ਇਹ ਵਿਆਕਰਨੀ ਰੂਪ ਕੋਸ਼ਿਸ਼ ਜਾਂ ਜ਼ੋਰ ਦੇਣ ਦੀ ਗੱਲ ਨੂੰ ਵਿਖਾਉਣ ਲਈ ਵਰਤਿਆ ਜਾਂਦਾ ਹੈ। ਇਸ ਸੰਦਰਭ ਵਿਚ ਇਹ ਪਰਮੇਸ਼ੁਰ ਪਿਤਾ ਦਾ ਖ਼ੁਦਾ ਬੇਟੇ ਅਤੇ ਖ਼ੁਦਾ ਪਾਕ ਰੂਹ ਅੱਗੇ ਸੰਜੀਦਗੀ ਅਤੇ ਅਖ਼ਤਿਆਰੀ ਢੰਗ ਨਾਲ ਬੇਨਤੀ ਹੈ ਕਿ ਮਨੁੱਖੀ ਜੀਵਾਂ ਨੂੰ ਆਪਣੇ ਸਰੂਪ 'ਤੇ ਰਚਣ ਵਿਚ ਮਦਦ ਦਿਓ।

## ਲੋਗੋਸ ਸ਼ਬਦ

ਯੂਹੰਨਾ ਨੇ *ਲੋਗੋਸ* ਸ਼ਬਦ ਦੀ ਵਰਤੋਂ ਕਿਉਂ ਕੀਤੀ, ਅਤੇ ਇਸ ਤੋਂ ਵੀ ਅਹਿਮ ਹੈ ਕਿ ਉਸਨੇ ਇਸਦਾ ਅਰਥ ਸੰਖੇਪ ਵਿਚ ਕਿਉਂ ਦੱਸਿਆ? ਨਵੇਂ ਨੇਮ ਵਿਚ ਵਰਤੇ ਜਾਣ ਤੋਂ ਪਹਿਲਾਂ ਵੀ *ਲੋਗੋਸ* ਸ਼ਬਦ ਦਾ ਅਰਥ ਪਹਿਲਾਂ ਹੀ ਬਹੁਤ ਅਮੀਰ ਸੀ। *ਲੋਗੋਸ* ਸ਼ਬਦ ਵਿਚ ਪਾਈਆਂ ਜਾਣ ਵਾਲੀਆਂ ਧਾਰਣਾਵਾਂ ਖਾਸ ਤੌਰ 'ਤੇ ਯੂਨਾਨੀ ਦਾਰਸ਼ਨਿਕਾਂ ਨੂੰ ਖਾਸ ਕਰ ਸਤੋਇਕੀਆਂ ਨੂੰ ਮੋਹੰਦੀਆਂ ਸਨ,[1] ਸਤੋਇਕੀ ਮੱਤ ਦੇ ਇਕ ਮੁੱਢਲੇ ਵਿਚਾਰਕ ਅਫ਼ਸੁਸ ਵਾਸੀ ਹੇਰਾਕਲਿਟੁਸ ਨੇ ਭੌਤਿਕ ਵਿਗਿਆਨ ਵਿਚ *ਲੋਗੋਸ* ਨੂੰ ਕੁਦਰਤ ਦੇ ਨਿਯਮ ਦੇ ਤੌਰ 'ਤੇ ਵੇਖਿਆ। ਸਦੀਆਂ ਬਾਅਦ (ਲਗਭਗ 300ਈ.ਪੂ.) ਕੁਪਰਸ ਵਾਸੀ ਜ਼ੀਨੋ ਸਤੋਇਕੀ ਮੱਤ ਦਾ ਮੋਢੀ ਬਣ ਗਿਆ। ਏਥੰਸ ਵਿਚ ਆਪਣੇ ਸਕੂਲ ਵਿਚ ਉਸਨੇ *ਲੋਗੋਸ* ਨੂੰ ਸੰਸਾਰ ਦੇ ਸਿਰਜਣਹਾਰ ਦੇ ਤੌਰ 'ਤੇ ਸਪੱਸ਼ਟ ਕੀਤਾ, ਜਿਸ ਨਾਲ ਵਸਤਾਂ ਨੂੰ ਉਨ੍ਹਾਂ ਦੀ ਤਰਤੀਬ, ਅਕਾਰ ਅਤੇ ਇਕਸੁਰਤਾ ਮਿਲੀ। ਰੱਬ 'ਤੇ ਉਸਦੇ ਯਕੀਨ ਨੇ ਇਸ *ਲੋਗੋਸ* ਨੂੰ ਰਚਨਾਤਮਕ ਅੱਗ ਨਾਲ ਮਿਲਾ ਦਿੱਤਾ ਜਿਸ ਨੂੰ ਕਈ ਵਾਰ *pneuma* (ਆਤਮਾ) ਵੀ ਆਖਿਆ ਜਾਂਦਾ ਹੈ। ਇਵੇਂ ਸਤੋਇਕੀਆਂ ਨੇ ਕੁਦਰਤ ਵਿਚ *ਲੋਗੋਸ* ਨੂੰ ਤਰਤੀਬ ਅਤੇ ਤਰਕ ਦੇ ਤੌਰ 'ਤੇ; ਇਜ਼ਹਾਰ ਵਿਚ ਕਾਰਣ ਅਤੇ ਸ਼ਬਦ ਦੇ ਤੌਰ 'ਤੇ; ਥਿਓਲੋਜੀ ਵਿਚ ਇਕ ਤਰਕਸੰਗਤ ਆਤਮਾ ਦੇ ਤੌਰ 'ਤੇ ਵੇਖਿਆ, ਜੋ ਸਭ ਕੁਝ ਮੁਹੱਈਆ ਕਰਵਾਉਂਦਾ ਹੈ ਅਤੇ ਆਪਣੇ ਆਪ ਨੂੰ ਸਭ ਵਸਤਾਂ ਨਾਲ ਜੋੜਦਾ ਹੈ।[2]

ਪਹਿਲੀ ਸਦੀ ਦਾ ਸੰਸਾਰ ਮਸੀਹੀਅਤ ਦੇ ਸ਼ੁਰੂ ਹੋਣ ਦਾ ਗਵਾਹ ਸੀ। ਮਸੀਹ ਵਿਚ ਆਸ ਅਤੇ ਮੁਕਤੀ ਦੀ ਖੁਸ਼ਖਬਰੀ ਯਰੂਸ਼ਲਮ ਤੋਂ ਭੂਮੱਧ ਭਾਗ ਦੇ ਆਲੇ ਦੁਆਲੇ ਸੁਣਾਈ ਗਈ ਸੀ। ਸਦੀ ਦੇ ਅਖ਼ੀਰ ਤਕ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਨੇ ਇਸ ਵਿਸ਼ਵਾਸ ਦਾ ਪ੍ਰਚਾਰ ਕਰ ਦਿੱਤਾ ਸੀ। ਇਨ੍ਹਾਂ ਲੇਖਾਂ ਨੂੰ ਖ਼ੁਦਾ ਦੇ ਸੁਭਾਅ, ਉਹਦੇ ਕੰਮ ਅਤੇ ਮਨੁੱਖੀ ਕੌਮ ਨੂੰ ਉਹਦੀ ਇੱਛਾ ਦੱਸਣ ਲਈ ਕੋਇਨੀ (ਬੋਲਚਾਲ ਦੀ ਭਾਸ਼ਾ) ਯੂਨਾਨੀ ਵਿਚ ਦਿੱਤੇ ਗਏ ਸਨ।

ਪਹਿਲੀ ਸਦੀ ਦੇ ਮੁੱਢਲੇ ਹਿੱਸੇ ਵਿਚ ਫ਼ਿਲੋ ਦੇ ਲੇਖਾਂ ਨੇ ਯਹੂਦੀਆਂ ਅਤੇ ਮਸੀਹੀ ਲੋਕਾਂ ਦੇ ਥਿਓਲੋਜੀਕਲ (ਧਰਮ ਸ਼ਾਸਤਰੀ) ਵਿਚਾਰਾਂ ਵਿਚ *ਲੋਗੋਸ* ਦੀਆਂ ਧਾਰਣਾਵਾਂ ਪਾ ਦਿੱਤੀਆਂ। ਫ਼ਿਲੋ ਇਕ ਹੈਲੇਨਵਾਦੀ ਯਹੂਦੀ ਦਾਰਸ਼ਨਿਕ ਅਤੇ ਥਿਓਲੋਜੀਅਨ ਸੀ। ਸਿਕੰਦਰੀਆ, ਮਿਸਰ ਵਿਚ ਪਹਿਲਾਂ ਹੋਣ ਅਤੇ ਸਿੱਖਿਆ ਪਾਉਣ ਕਰਕੇ, ਉਹਨੂੰ ਪੁਰਾਣੇ ਨੇਮ ਦੀਆਂ ਲਿਖਤਾਂ ਅਤੇ ਯੂਨਾਨੀ ਦਰਸ਼ਨ ਸ਼ਾਸਤਰ ਦਾ ਖਾਸਾ ਗਿਆਨ ਸੀ, ਜਿਵੇਂ ਕਿ ਉਹਦੇ ਲੇਖਾਂ ਤੋਂ ਪਤਾ ਲਗਦਾ ਹੈ। ਰੂਪਕਾਤਮਕ ਅਤੇ ਯੂਨਾਨੀ ਦਰਸ਼ਨ ਸ਼ਾਸਤਰ ਦੇ ਸਿਧਾਂਤਾਂ ਦੀ ਵਰਤੋਂ ਕਰਕੇ ਪੁਰਾਣੇ ਨੇਮ ਦੀ ਉਹਦੀ ਮੁੜ ਵਿਆਖਿਆ ਦਾ ਆਪਣੇ ਸਮੇਂ ਵਿਚ ਪ੍ਰਭਾਵ ਸੀ ਜੋ ਅਜੋਕੇ ਸਮੇਂ ਤਕ ਵੀ ਹੈ। ਉਸਨੇ *ਲੋਗੋਸ* ਨੂੰ ਖ਼ੁਦਾਈ ਹਦਾਇਤ ਦੇ ਰੂਪ ਵਿਚ ਵਿਖਾਇਆ ਜੋ ਆਪਣੇ ਟੀਚਿਆਂ ਤਕ ਪਹੁੰਚਣ ਲਈ ਤੈਅ ਰਸਤੇ ਦੇ ਨਾਲ-ਨਾਲ ਇਤਿਹਾਸ ਨੂੰ ਵੀ ਮੋੜ ਦਿੰਦਾ ਹੈ। ਇਸ ਤਰ੍ਹਾਂ *ਲੋਗੋਸ* ਦੇ ਪ੍ਰਭਾਵਾਂ ਨਾਲ ਕੌਸਮੌਸ (ਦੁਨੀਆਂ) 'ਤੇ ਅਤੇ ਅਖ਼ੀਰ ਮਨੁੱਖਤਾ 'ਤੇ ਅਸਰ ਪੈਂਦਾ ਹੈ।

---

ਟਿੱਪਣੀਆਂ

[1]ਰਸੂਲਾਂ ਦੇ ਕੰਮ 17:18 ਵਿਚ ਸਤੋਇਕੀਆਂ ਅਤੇ ਇਪੀਕੁਰੀਆਂ ਦਾ ਜ਼ਿਕਰ ਹੈ। [2] ਪੌਲ ਐਡਵਰਡਸ, ਸੰਪਾ. *ਦਿ ਇੰਸਾਈਕਲੋਪੀਡੀਆ ਆਫ਼ ਫ਼ਿਲਾਸਫ਼ੀ* (ਨਿਊ ਯਾਰਕ: ਮੈਕਮਿਲਨ ਕੰ., 1967), s.v. ''ਸਟੋਇਸਿਜ਼ਮ'' ਐਂਡ ''ਜ਼ੀਨੋ ਆਫ਼ ਸਿਟਿਉਮ'' ਬਾਈ ਫ਼ਿਲਿੱਪ ਪੀ. ਹੇਲੀ।